ਜਮਾਤ -ਛੇਵੀਂ

ਸਾਹਿਤ ਰੂਪ-ਕਹਾਣੀ

# ਪਾਠ-2 ਆਪਣੇ ਆਪਣੇ ਥਾਂ ਸਾਰੇ ਚੰਗੇ

ਲੇਖਿਕਾ- ਸ਼੍ਰੀਮਤੀ ਅੰਮ੍ਰਿਤਾ ਪ੍ਰੀਤਮ



ਪ੍ਰਸਨ (ੳ) ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਚੀਜਾਂ ਪਈਆਂ ਸਨ ?

ਉੱਤਰ- ਰਸੋਈ ਦੀ ਅਲਮਾਰੀ ਦੇ ਲਿਫ਼ਾਫਿਆਂ ਵਿੱਚ ਇਲਾਚੀ,ਸੌਂਫ, ਜਵੈਣ,ਅੰਬਚੂਰ ਤੇ ਅਨਾਰਦਾਨਾ ਪਏ ਸਨ।



ਪ੍ਰਸ਼ਨ (ਅ) ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ ?

ਉੱਤਰ- ਇਲਾਚੀ ਨੂੰ ਆਪਣੇ ਸੁੰਦਰ ਅਤੇ ਮਹਿੰਗੀ ਹੋਣ ਦਾ ਘੁਮੰਡ ਸੀ।

ਪ੍ਰਸਨ (ੲ) ਸੌਂਫ ਤੇ ਜਵੈਣ ਵਿੱਚ ਕਿਹੜੇ-ਕਿਹੜੇ ਗੁਣ ਹੁੰਦੇ ਹਨ?

ਉੱਤਰ- ਸੌਂਫ ਤੇ ਜਵੈਣ ਢਿੱਡ ਪੀੜ ਦੂਰ ਕਰਦੀਆਂ ਹਨ। ਕਈ ਦੇਸੀ ਦਵਾਈਆਂ ਵਿੱਚ ਇਹਨਾਂ ਦੀ ਵਰਤੋਂ ਹੁੰਦੀ ਹੈ?

ਪ੍ਰਸ਼ਨ (ਸ) ਅੰਬਚੂਰ ਕਿਸ ਕੰਮ ਆਉਂਦਾ ਹੈ?

ਉੱਤਰ- ਅੰਬਚੂਰ ਖੱਟਾ ਹੁੰਦਾ ਹੈ ਇਹ ਵੱਖ-ਵੱਖ ਖਾਣਿਆਂ ਨੂੰ ਸਵਾਦ ਬਣਾਉਣ ਦੇ ਕੰਮ ਆਉਂਦਾ ਹੈ।

ਪ੍ਰਸਨ (ਹ) ਅਨਾਰਦਾਣਾ ਕਿਹੜੇ ਦੇਸ਼ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ ਵਿੱਚ ਹੁੰਦੀ ਹੈ ?

ਉੱਤਰ- ਅਨਾਰਦਾਣਾ ਕਸ਼ਮੀਰ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਪੂਦਨੇ ਦੀ ਚਟਣੀ ਵਿੱਚ ਕੀਤੀ ਜਾਂਦੀ ਹੈ।




ਪ੍ਰਸਨ(ਕ)ਪੂਦਨੇ ਦਾ ਇਲਾਚੀ ਤੇ ਦੂਜੀਆਂ ਚੀਜਾਂ ਬਾਰੇ ਕੀ ਵਿਚਾਰ ਸੀ?

ਉੱਤਰ-ਪੂਦਨੇ ਦਾ ਵਿਚਾਰ ਸੀ ਕਿ ਇਲਾਚੀ ਨੂੰ ਆਪਣੇ-ਆਪ ਨੂੰ ਉੱਤਮ ਨਹੀਂ ਸਮਝਣਾ ਚਾਹੀਦਾ,ਸਾਰੇ ਆਪਣੇ-ਆਪਣੇ ਥਾਂ ਚੰਗੇ ਹੁੰਦੇ ਹਨ।

ਪ੍ਰਸ਼ਨ (ਖ) ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?

ਉੱਤਰ- ਪੂਦਨੇ ਨੇ ਮਿਲ ਕੇ ਰਹਿਣ ਦੀ ਗੱਲ ਕੀਤੀ ਸੀ ਅਤੇ ਉਸ ਦੀ ਗੱਲ ਸੁਣ ਕੇ ਸਾਰਿਆਂ ਨੇ ਵਚਨ ਦਿੱਤਾ ਕਿ ਉਹ ਇੱਕ-ਦੂਜੇ ਦੇ ਅਸਲੀ ਸਾਥੀ ਬਣਨਗੇ ਅਤੇ ਇਕੱਠੇ ਰਲ਼ ਕੇ ਰਹਿਣਗੇ।

ਪ੍ਰਸਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

1. ਰਸੋਈ – ਰਮਨ ਦੇ ਮਾਤਾ ਜੀ ਰਸੋਈ ਵਿੱਚ ਖਾਣਾ ਬਣਾ ਰਹੇ ਸਨ।
2. ਅਲਮਾਰੀ – ਮੈਂ ਆਪਣੇ ਕੱਪੜੇ ਅਲਮਾਰੀ ਵਿੱਚ ਰੱਖਦਾ ਹਾਂ।
3. ਮਠਿਆਈ- ਬੱਚੇ ਮਠਿਆਈ ਬਹੁਤ ਪਸੰਦ ਕਰਦੇ ਹਨ।
4. ਸ਼ਰਬਤ- ਅਸੀਂ ਗਰਮੀਆਂ ਵਿੱਚ ਸ਼ਰਬਤ ਪੀਂਦੇ ਹਾਂ।
5. ਅਸਮਾਨ- ਪੰਛੀ ਅਸਮਾਨ ਵਿੱਚ ਉੱਡ ਰਹੇ ਸਨ।

ਪ੍ਰਸਨ 3. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700